General Certificate of Education
Advanced Level Examination
June 2011

# Panjabi PANJ2

**Unit 2 Reading and Writing**

# Insert

**Section 3 Writing Questions 3, 4, 5 and 6**

## Section 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

### Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ

**(The British – Panjabi Short Story)**

**Question 3**

**EITHER**

**3 (a)** "ਇੱਕ ਸਫਲ ਕਹਾਣੀਕਾਰ ਕਹਾਣੀ ਵਿਚਲੇ ਵਾਤਾਵਰਨ ਦਾ ਚੰਗਾ ਚਿੱਤਰ ਉਲੀਕ ਦਿੰਦਾ ਹੈ।" ਬਰਤਾਨਵੀ ਪੰਜਾਬੀ ਕਹਾਣੀਆਂ ਦੀ ਜੋ ਵੀ ਕਿਤਾਬ ਤੁਸੀਂ ਪੜ੍ਹੀ ਹੈ, ਉਸ ਵਿੱਚ ਇਹ ਗੱਲ ਕਿੱਥੋਂ ਤੱਕ ਅਤੇ ਕਿਵੇਂ ਢੁੱਕਦੀ ਹੈ? ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ।

*(30 marks)*

**OR**

**3 (b)** "ਕਹਾਣੀ ਦਾ ਮੰਤਵ ਸਿਰਫ ਮਨੋਰੰਜਨ ਕਰਨਾ ਹੀ ਨਹੀਂ ਸਗੋਂ ਬਰਤਾਨਵੀ ਸਮਾਜ ਦੇ ਮਸਲੇ ਪੇਸ਼ ਕਰਦੇ ਹੋਏ ਉਨ੍ਹਾਂ ਦੇ ਹੱਲ ਲਈ ਸਲਾਹ ਦੇਣਾ ਵੀ ਹੈ।" ਜੋ ਵੀ ਬਰਤਾਨਵੀ ਪੰਜਾਬੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਦਾ ਲੇਖਕ ਅਜਿਹਾ ਕਰਨ ਵਿੱਚ ਕਿੱਥੋਂ ਤੱਕ ਸਫਲ ਰਿਹਾ ਹੈ? ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਆਪਣਾ ਉੱਤਰ ਉਦਾਹਰਣਾਂ ਸਹਿਤ ਲਿਖੋ। *(30 marks)*

### Topic 2

### ਪੰਜਾਬੀ ਨਾਵਲ

**(The Panjabi Novel)**

**Question 4**

**EITHER**

**4 (a)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਨਾਵਲਕਾਰ ਨੇ ਇਸ ਨੂੰ ਦਿਲਚਸਪ ਬਣਾਉਣ ਲਈ ਲਿਖਤ ਕਲਾ ਦੇ ਕਿਹੜੇ ਢੰਗ ਵਰਤੇ ਹਨ? ਉਦਾਹਰਣਾਂ ਸਹਿਤ ਇੱਕ ਲੇਖ ਲਿਖੋ। *(30 marks)*

**OR**

**4 (b)** ਜੋ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਔਰਤ ਦੇ ਰਿਸ਼ਤਿਆਂ ਦੇ ਕਿਹੜੇ ਕਿਹੜੇ ਰੂਪ ਪੇਸ਼ ਕੀਤੇ ਹਨ? ਇਨ੍ਹਾਂ ਰਿਸ਼ਤਿਆਂ ਤੇ ਵਿਚਾਰ ਕਰਦੇ ਹੋਏ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ। *(30 marks)*

## Non-Literary Topics

### Topic 1

### 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ
### (Socio-Economic Study of the Panjab (India) Since 1947)

**Question 5**

**EITHER**

**5 (a)** ਪੰਜਾਬ ਵਿੱਚ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਾਉਣ ਦਾ ਰਿਵਾਜ ਦਿਨੋ ਦਿਨ ਵਧ ਰਿਹਾ ਹੈ। ਇਸ ਦੇ ਕੀ ਕਾਰਨ ਹਨ ਅਤੇ ਇਸ ਦੇ ਕੀ ਨਤੀਜੇ ਨਿਕਲ ਸਕਦੇ ਹਨ ? ਇੱਕ ਲੇਖ ਦੇ ਰੂਪ ਵਿੱਚ ਲਿਖੋ। *(30 marks)*

**OR**

**5 (b)** ਪੰਜਾਬ ਵਿੱਚ ਦੂਜੇ ਪ੍ਰਾਂਤਾਂ ਤੋਂ ਆਏ ਕਾਮਿਆਂ ਦਾ ਪੰਜਾਬ ਦੀ ਆਰਥਿਕ ਸਥਿਤੀ ਤੇ ਕੀ ਪ੍ਰਭਾਵ ਪਿਆ ਹੈ ? ਇਨ੍ਹਾਂ ਦੇ ਆਉਣ ਨਾਲ ਪੰਜਾਬ ਨੂੰ ਕੀ ਫਾਇਦੇ ਅਤੇ ਕੀ ਨੁਕਸਾਨ ਹੋ ਰਹੇ ਹਨ ? ਇੱਕ ਲੇਖ ਦੇ ਰੂਪ ਵਿੱਚ ਲਿਖੋ। *(30 marks)*

### Topic 2

### ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ
### (The Panjabi Community in India and Abroad)

**Question 6**

**EITHER**

**6 (a)** ਕਈ ਲੋਕ ਆਪਣੇ ਬਜ਼ੁਰਗ ਮਾਪਿਆਂ ਦੀ ਦੇਖ ਭਾਲ ਨਹੀਂ ਕਰਦੇ। ਇਸ ਦੇ ਕੀ ਕਾਰਨ ਹੋ ਸਕਦੇ ਹਨ ? ਇਸ ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ ? ਇਸ ਬਾਰੇ ਇੱਕ ਲੇਖ ਲਿਖੋ। *(30 marks)*

**OR**

**6 (b)** ਪੰਜਾਬ ਤੋਂ ਕਾਫੀ ਗਿਣਤੀ ਵਿੱਚ ਨੌਜਵਾਨ ਮੁੰਡੇ ਕੁੜੀਆਂ ਪੜ੍ਹਾਈ ਕਰਨ ਲਈ ਬਰਤਾਨੀਆ ਆ ਰਹੇ ਹਨ। ਇੱਥੇ ਆ ਕੇ ਉਨ੍ਹਾਂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਨੂੰ ਹੱਲ ਕਰਨ ਲਈ ਤੁਸੀਂ ਕੀ ਸਲਾਹ ਦੇਵੋਗੇ ? ਇੱਕ ਲੇਖ ਦੇ ਰੂਪ ਵਿੱਚ ਲਿਖੋ। *(30 marks)*

**END OF QUESTIONS**

**Blank page**

Copyright © 2011 AQA and its licensors. All rights reserved.